The
Electoral
Commission

- ਕੀ ਮੈਂ ਵੋਟ ਪਾਉਣ ਲਈ ਰਜਿਸਟਰ ਹਾਂ?
- ਕੀ ਮੇਰੇ ਕੋਲ ਫੋਟੋ ਆਈ.ਡੀ (ID) ਹੈ?
- ਕੀ ਮੇਰੇ ਕੋਲ ਪੋਲਿੰਗ ਸਟੇਸ਼ਨ ਲੈ ਜਾਣ ਲਈ ਫੋਟੋ ਆਈ.ਡੀ (ID) ਹੈ?
- ਜੇ ਨਹੀਂ, ਤਾਂ ਕੀ ਮੈਂ ਮੁਫ਼ਤ ਵੋਟਰ ਆਈ.ਡੀ (ID) ਲਈ ਅਰਜ਼ੀ ਦਿੱਤੀ ਹੈ?
- ਕੀ ਮੈਂ ਵੋਟ ਪਾਈ ਹੈ?

2023 ਦੀਆਂ ਸਥਾਨਕ ਚੋਣਾਂ ਵਿੱਚ ਵੋਟ ਪਾਉਣ ਲਈ ਰਜਿਸਟਰ ਕਰਨ ਦੀ ਆਖਰੀ ਤਾਰੀਖ **ਦਿਨ ਸੋਮਵਾਰ 17 ਅਪ੍ਰੈਲ ਨੂੰ ਰਾਤ 11.59 ਵਜੇ** ਤੱਕ ਹੈ।

2023 ਦੀਆਂ ਸਥਾਨਕ ਚੋਣਾਂ ਲਈ ਵੋਟਰ ਅਥਾਰਟੀ ਸਰਟੀਫਿਕੇਟ ਲਈ ਅਰਜ਼ੀ ਦੇਣ ਦੀ ਆਖਰੀ ਤਾਰੀਖ **ਦਿਨ ਮੰਗਲਵਾਰ 25 ਅਪ੍ਰੈਲ ਸ਼ਾਮ 5 ਵਜੇ** ਤੱਕ ਹੈ।

ਹੋਰ ਜਾਣਕਾਰੀ ਲਈ **electoralcommission.org.uk/voterID** ਤੇ ਜਾਓ ਜਾਂ **0800 328 0280** ਤੇ ਕਾਲ ਕਰੋ:

- ਵੋਟ ਪਾਉਣ ਲਈ ਰਜਿਸਟਰ ਹੋਣ ਬਾਰੇ
- ਵੋਟ ਪਾਉਣ ਵੇਲੇ ਕਿਹੜੀ ਆਈ.ਡੀ (ID) ਮਨਜ਼ੂਰ ਕੀਤੀ ਜਾਵੇਗੀ
- ਮੁਫਤ ਵੋਟਰ ਆਈ.ਡੀ (ID) ਲਈ ਅਰਜ਼ੀ ਕਿਵੇਂ ਦੇਣੀ ਹੈ



The
Electoral
Commission




# ਵੋਟਰ ਆਈ.ਡੀ (ID): ਤੁਹਾਡੀ ਮਾਰਗਦ੍ਰਸ਼ਿਕਾ

**ਮਈ 2023 ਦੀਆਂ ਇੰਗਲਿਸ਼ ਸਥਾਨਕ ਚੋਣਾਂ ਲਈ ਫੋਟੋ ਆਈ.ਡੀ (ID) ਸੰਬੰਧੀ ਤੁਹਾਨੂੰ ਸਭ ਕੁਝ ਜਾਣਨ ਦੀ ਲੋੜ ਹੈ**

The
Electoral
Commission


## ਵੀਰਵਾਰ 4 ਮਈ 2023 ਨੂੰ, ਪੂਰੇ ਇੰਗਲੈਂਡ ਵਿੱਚ ਸਥਾਨਕ ਚੋਣਾਂ ਹੋ ਰਹੀਆਂ ਹਨ।

ਇਹਨਾਂ ਚੋਣਾਂ ਵਿੱਚ, ਤੁਹਾਨੂੰ ਪੋਲਿੰਗ ਸਟੇਸ਼ਨ ਤੇ ਵੋਟ ਪਾਉਣ ਦੇ ਯੋਗ ਹੋਣ ਲਈ ਫੋਟੋ ID ਲਿਆਉਣ ਦੀ ਲੋੜ ਹੋਵੇਗੀ।

ਇਹ ਪਰਚਾ ਇਹ ਦੱਸੇਗਾ ਕਿ ਤੁਸੀਂ ਵੋਟ ਪਾਉਣ ਲਈ ਫੋਟੋ ਆਈ.ਡੀ (ID) ਦੇ ਕਿਹੜੇ ਫਾਰਮਾਂ ਨੂੰ ਵਰਤ ਸਕਦੇ ਹੋ। ਇਹ, ਇਹ ਵੀ ਦੱਸਦਾ ਹੈ ਕਿ ਇੱਕ ਵੋਟਰ ਅਥਾਰਟੀ ਸਰਟੀਫਿਕੇਟ ਵਜੋਂ ਜਾਣੇ ਜਾਂਦੇ ਇੱਕ ਮੁਫਤ ਵੋਟਰ ਆਈ.ਡੀ (ID) ਦਸਤਾਵੇਜ਼ ਲਈ ਅਰਜ਼ੀ ਤੁਸੀਂ ਕਿਵੇਂ ਦੇਣੀ ਹੈ, ਜੇ ਤੁਹਾਨੂੰ ਇਸ ਦੀ ਲੋੜ ਹੈ।



ਜ਼ਿਆਦਾ ਜਾਣਕਾਰੀ ਲਈ ਜਾਂ ਡਾਕ ਜਾਂ ਪ੍ਰੌਕਸੀ ਅਰਜ਼ੀ ਫਾਰਮ ਪ੍ਰਾਪਤ ਕਰਨ ਲਈ, **electoralcommission.org.uk/voter** ਤੇ ਜਾਓ ਜਾਂ ਸਾਡੀ ਸਹਾਈਤਾ ਟੀਮ ਨੂੰ **0800 328 0280** ਤੇ ਕਾਲ ਕਰੋ।




ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਸੀਂ ਇਸ ਜਾਣਕਾਰੀ ਨੂੰ ਇੱਕ ਪਹੁੰਚਯੋਗ ਫਾਰਮੈਟ ਵਿੱਚ ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ **electoralcommission.org.uk/voterID** ਤੇ ਜਾਓ

ਸਾਡੀ ਸਹਾਈਤਾ ਟੀਮ ਨੂੰ **0800 328 0280** ਤੇ ਕਾਲ ਕਰੋ

ਜਾਂ ਹੇਠਾਂ ਦਿੱਤੇ ਕਿਉ.ਆਰ (QR) ਕੋਡ ਨੂੰ ਸਕੈਨ ਕਰੋ।

ਇਹ ਕਿਤਾਬਚਾ ਚੋਣ ਕਮਿਸ਼ਨ ਵੱਲੋਂ ਤਿਆਰ ਕੀਤਾ ਗਿਆ ਹੈ।

ਚੋਣ ਕਮਿਸ਼ਨ ਇੱਕ ਸੁਤੰਤਰ ਸੰਸਥਾ ਹੈ ਜੋ ਯੂ.ਕੇ (UK) ਵਿੱਚ ਚੋਣਾਂ ਅਤੇ ਕੰਟਰੋਲਡ ਰਾਜਨੀਤਿਕ ਵਿੱਤ ਦੀ ਨਿਗਰਾਨੀ ਕਰਦੀ ਹੈ। ਅਸੀਂ ਲੋਕਤੰਤਰੀ ਪ੍ਰਕਿਰਿਆ ਵਿੱਚ ਜਨਤਾ ਦੇ ਵਿਸ਼ਵਾਸ ਨੂੰ ਉਤਸ਼ਾਹਿਤ ਕਰਨ ਅਤੇ ਇਸਦੀ ਅਖੰਡਤਾ ਨੂੰ ਯਕੀਨੀ ਬਣਾਉਣ ਲਈ ਕੰਮ ਕਰਦੇ ਹਾਂ।

ਸਾਡਾ ਇੱਥੇ ਅਨੁਸਰਣ ਕਰੋ

**@ElectoralCommUK**

**facebook.com/ElectoralCommissionUK**

**@ElectoralCommissionUK**

## ਕੀ ਵੋਟ ਪਾਉਣ ਦੇ ਹੋਰ ਢੰਗ ਵੀ ਹਨ?

# ਡਾਕ ਰਾਹੀ ਵੋਟ ਪਾਉਣਾ

ਡਾਕ ਰਹੀ ਵੋਟ ਪਾਉਣ ਲਈ ਤੁਹਾਨੂੰ ਫੋਟੋ ਆਈ.ਡੀ (ID) ਪ੍ਰਦਾਨ ਕਰਨ ਦੀ ਲੋੜ ਨਹੀਂ ਹੈ.

18 ਡਾਕ ਰਾਹੀਂ ਵੋਟ ਪਾਉਣ ਲਈ ਅਰਜ਼ੀ ਦੇਣ ਲਈ, ਤੁਹਾਨੂੰ ਇੱਕ ਡਾਕ ਵੋਟ ਐਪਲੀਕੇਸ਼ਨ ਫਾਰਮ ਨੂੰ ਭਰਨ ਦੀ ਲੋੜ ਹੋਵੇਗੀ ਅਤੇ ਇਹ ਯਕੀਨੀ ਬਣਾਓ ਕਿ ਇਹ **ਦਿਨ ਮੰਗਲਵਾਰ 18 ਅਪ੍ਰੈਲ 2023 ਨੂੰ ਸ਼ਾਮ 5 ਵਜੇ** ਤੱਕ ਤੁਹਾਡੀ ਸਥਾਨਕ ਕੌਂਸਲ ਵਿੱਚ ਸਥਾਨਕ ਚੋਣ ਸੇਵਾਵਾਂ ਟੀਮ ਦੇ ਨਾਲ ਪਹੁੰਚ ਜਾਵੇ।

ਤੁਹਾਨੂੰ ਤੁਹਾਡਾ ਬੈਲਟ ਪੇਪਰ ਡਾਕ ਰਾਹੀਂ ਪ੍ਰਾਪਤ ਹੋਵੇਗਾ। ਆਪਣੇ ਬੈਲਟ ਪੇਪਰ ਨੂੰ ਪੂਰਾ ਕਰੋ ਅਤੇ ਵਾਪਸ ਕਰੋ, ਇਹ ਯਕੀਨੀ ਬਣਾਉਣ ਲਈ ਕਿ ਤੁਹਾਡੇ ਕੋਲ **ਦਿਨ ਵੀਰਵਾਰ 4 ਮਈ ਨੂੰ ਰਾਤ 10 ਵਜੇ** ਤੱਕ ਤੁਹਾਡੀ ਸਥਾਨਕ ਕੌਂਸਲ ਵਿੱਚ ਪਹੁੰਚਣ ਲਈ ਕਾਫ਼ੀ ਸਮਾਂ ਹੈ। ਜੇ ਤੁਸੀਂ ਆਪਣੇ ਡਾਕ ਰਾਹੀਂ ਵੋਟ ਪੈਕ ਨੂੰ ਸਮੇਂ ਸਿਰ ਪੋਸਟ ਨਹੀਂ ਕਰ ਸਕਦੇ ਹੋ, ਤਾਂ ਤੁਸੀਂ ਇਸਨੂੰ ਆਪਣੇ ਪੋਲਿੰਗ ਸਟੇਸ਼ਨ ਜਾਂ ਪੋਲਿੰਗ ਵਾਲੇ ਦਿਨ ਆਪਣੇ ਸਥਾਨਕ ਕੌਂਸਲ ਦਫ਼ਤਰ ਵਿੱਚ ਲਿਜਾ ਸਕਦੇ ਹੋ।

# ਪ੍ਰੌਕਸੀ ਦੁਆਰਾ ਵੋਟ ਦੇਣਾ

(ਤੁਹਾਡੇ ਭਰੋਸੇ ਵਾਲੇ ਕਸਿੇ ਵਅਿਕਤੀ ਨੂੰ ਤੁਹਾਡੀ ਤਰਫੋਂ ਵੋਟ ਕਰਨ ਦੀ ਆਗਆਿ ਦੇਣਾ)

25 ਪ੍ਰੌਕਸੀ ਦੁਆਰਾ ਵੋਟ ਪਾਉਣ ਲਈ ਅਰਜ਼ੀ ਦੇਣ ਲਈ, ਇੱਕ ਅਰਜ਼ੀ ਫਾਰਮ ਭਰੋ ਅਤੇ ਇਸਨੂੰ **ਦਿਨ ਮੰਗਲਵਾਰ 25 ਅਪ੍ਰੈਲ 2023 ਨੂੰ ਸ਼ਾਮ 5 ਵਜੇ** ਤੱਕ ਪਹੁੰਚਾਉਣ ਲਈ ਆਪਣੀ ਸਥਾਨਕ ਕੌਂਸਲ ਵਿਖੇ ਚੋਣ ਸੇਵਾਵਾਂ ਟੀਮ ਨੂੰ ਭੇਜੋ।

ਜਿਸ ਵਿਅਕਤੀ ਨੂੰ ਤੁਸੀਂ ਆਪਣੇ ਵੱਲੋਂ ਵੋਟ ਪਾਉਣ ਲਈ ਚੁਣਦੇ ਹੋ, ਉਸ ਨੂੰ ਵੋਟ ਪਾਉਣ ਲਈ ਤੁਹਾਡੇ ਪੋਲਿੰਗ ਸਟੇਸ਼ਨ ਤੇ ਜਾਣ ਦੀ ਲੋੜ ਹੋਵੇਗੀ ਅਤੇ ਆਪਣੀ ਵੋਟ ਪਾਉਣ ਦੇ ਯੋਗ ਹੋਣ ਲਈ ਉਸ ਨੂੰ ਆਪਣੀ ਫੋਟੋ ਆਈ.ਡੀ (ID) ਦਿਖਾਉਣ ਦੀ ਲੋੜ ਹੋਵੇਗੀ। ਤੁਹਾਡੇ ਵੱਲੋਂ ਵੋਟ ਪਾਉਣ ਵੇਲੇ ਉਹਨਾਂ ਨੂੰ ਤੁਹਾਡੀ ਆਈ.ਡੀ (ID) ਦਿਖਾਉਣ ਦੀ ਲੋੜ ਨਹੀਂ ਪਵੇਗੀ।

ਐਮਰਜੈਂਸੀ ਦੀ ਸਥਿਤੀ ਵਿੱਚ ਜਦੋਂ ਤੁਸੀਂ ਵਿਅਕਤੀਗਤ ਤੌਰ 'ਤੇ ਪੋਲਿੰਗ ਸਟੇਸ਼ਨ ਨਹੀਂ ਜਾ ਸਕਦੇ, ਤਾਂ ਤੁਸੀਂ **ਦਿਨ ਵੀਰਵਾਰ 4 ਮਈ ਨੂੰ ਸ਼ਾਮ 5 ਵਜੇ** ਤੱਕ ਐਮਰਜੈਂਸੀ ਪ੍ਰੌਕਸੀ ਲਈ ਅਰਜ਼ੀ ਦਾਇਰ ਕਰ ਸਕਦੇ ਹੋ।



# ਵੋਟ ਲਈ ਰਜਿਸਟਰ ਕਿਵੇਂ ਹੋਣਾ ਹੈ?

17 ਚੋਣਾਂ ਵਿੱਚ ਵੋਟ ਪਾਉਣ ਲਈ, ਲਾਜ਼ਮੀ ਹੈ ਕਿ ਤੁਸੀਂ **ਦਿਨ ਸੋਮਵਾਰ 17 ਅਪ੍ਰੈਲ 2023 ਰਾਤ 11.59 ਵਜੇ** ਤੱਕ ਰਜਿਸਟਰ ਹੋ ਜਾਵੋ।

ਜੇ ਤੁਸੀਂ ਕਦੇ ਰਜਿਸਟਰ ਨਹੀਂ ਹੋਏ, ਤਾਂ ਹਾਲ ਹੀ ਵਿੱਚ ਕਿਸੇ ਵੱਖਰੇ ਪਤੇ ਤੇ ਚਲੇ ਗਏ ਹੋ, ਜਾਂ ਆਪਣਾ ਨਾਮ ਬਦਲ ਲਿਆ ਹੈ, ਤਾਂ **www.gov.uk/register-to-vote** ਤੇ ਆਨਲਾਈਨ ਵੋਟ ਪਾਉਣ ਲਈ ਰਜਿਸਟਰ ਕਰੋ। ਤੁਸੀਂ ਕਾਗਜ਼ੀ ਅਰਜ਼ੀ ਫਾਰਮ ਭਰ ਕੇ ਵੀ ਅਰਜ਼ੀ ਦਰਜ ਕਰ ਸਕਦੇ ਹੋ।

ਜੇ ਤੁਹਾਨੂੰ ਵੋਟ ਪਾਉਣ ਲਈ ਰਜਿਸਟਰ ਹੋਣ ਵਿੱਚ ਮਦਦ ਦੀ ਲੋੜ ਹੈ, ਜਾਂ ਇੱਕ ਅਰਜ਼ੀ ਫਾਰਮ ਲਈ ਬੇਨਤੀ ਕਰਨੀ ਚਾਹੁੰਦੇ ਹੋ, ਤਾਂ ਆਪਣੀ ਸਥਾਨਕ ਕੌਂਸਲ ਵਿੱਚ ਚੋਣ ਸੇਵਾਵਾਂ ਟੀਮ ਨਾਲ ਸੰਪਰਕ ਕਰੋ। ਆਪਣੀ ਸਥਾਨਕ ਚੋਣ ਸੇਵਾਵਾਂ ਟੀਮ ਦੇ ਸੰਪਰਕ ਸੰਬੰਧੀ ਵੇਰਵੇ ਲੱਭਣ ਲਈ **electoralcommission.org.uk/voter** ਤੇ ਜਾਓ ਜਾਂ ਸਾਡੀ ਸਹਾਇਤਾ ਟੀਮ ਨੂੰ **0800 328 0280** ਤੇ ਕਾਲ ਕਰੋ।

# ਮੈਂ ਕਿਹੜੀਆਂ ਚੋਣਾਂ ਵਿੱਚ ਵੋਟ ਪਾ ਸਕਦਾ ਹਾਂ?

ਇੰਗਲੈਂਡ ਵਿੱਚ **ਦਿਨ ਵੀਰਵਾਰ 4 ਮਈ 2023 ਨੂੰ 230** ਕੌਂਸਲਾਂ ਵਿੱਚ ਸਥਾਨਕ ਚੋਣਾਂ ਹੋ ਰਹੀਆਂ ਹਨ, ਜਿਸ ਵਿੱਚ ਸਥਾਨਕ ਕੌਂਸਲ, ਮੇਅਰ ਅਤੇ ਪੈਰਿਸ਼ ਚੋਣਾਂ ਸ਼ਾਮਲ ਹਨ।

ਆਪਣੇ ਇਲਾਕੇ ਵਿੱਚ ਹੋ ਰਹੀਆਂ ਚੋਣਾਂ ਵਾਲੇ ਜਾਣਨ ਲਈ ਇੱਥੇ ਜਾਓ **electoralcommission.org.uk/voterID**

ਜਾਂ **0800 328 0280** 'ਤੇ ਕਾਲ ਕਰੋ।



# ਪੋਲਿੰਗ ਸਟੇਸ਼ਨ 'ਤੇ ਕੀ ਹੋਵੇਗਾ?

ਜਦੋਂ ਤੁਸੀਂ ਪੋਲਿੰਗ ਸਟੇਸ਼ਨ 'ਤੇ ਪਹੁੰਚਦੇ ਹੋ, ਤਾਂ ਸਟਾਫ ਦਾ ਕੋਈ ਮੈਂਬਰ ਇਹ ਕੰਮ ਕਰੇਗਾ:

1. ਤੁਹਾਨੂੰ ਤੁਹਾਡਾ ਨਾਮ ਅਤੇ ਪਤਾ ਪੁੱਛੇਗਾ ਤਾਂ ਜੋ ਉਹ ਤੁਹਾਨੂੰ ਰਜਿਸਟਰ 'ਤੇ ਲੱਭ ਸਕਣ
2. ਤੁਹਾਡੀ ਫੋਟੋ ਆਈ.ਡੀ (ID) ਲਈ ਪੁੱਛੇਗਾ, ਅਤੇ ਜਾਂਚ ਕਰੇਗਾ ਕਿ ਕੀ ਇਹ ਸਵੀਕਾਰਯੋਗ ਹੈ
3. ਜੇ ਤੁਹਾਡੀ ਆਈ.ਡੀ (ID) ਸਵੀਕਾਰਯੋਗ ਹੈ, ਤਾਂ ਉਹ ਤੁਹਾਨੂੰ ਤੁਹਾਡਾ ਬੈਲਟ ਪੇਪਰ ਦੇਣਗੇ ਅਤੇ ਤੁਹਾਨੂੰ ਆਮ ਵਾਂਗ ਪੋਲਿੰਗ ਬੂਥ ਤੇ ਇਸ ਨੂੰ ਪੂਰਾ ਕਰਨ ਲਈ ਜਾਣਕਾਰੀ ਦੇਣਗੇ।

ਪੋਲਿੰਗ ਸਟੇਸ਼ਨ ਤੇ ਇੱਕ ਨਿੱਜੀ ਖੇਤਰ ਹੋਵੇਗਾ, ਇਸ ਲਈ ਜੇ ਤੁਸੀਂ ਚਾਹੋ ਤਾਂ ਤੁਸੀਂ ਆਪਣੀ ਫੋਟੋ ਆਈ.ਡੀ (ID) ਨੂੰ ਨਿੱਜੀ ਤੌਰ 'ਤੇ ਦੇਖਣ ਦੀ ਚੋਣ ਕਰ ਸਕਦੇ ਹੋ। ਪੋਲਿੰਗ ਸਟੇਸ਼ਨ ਦੇ ਅਨੁਸਾਰ, ਇਹ ਇੱਕ ਵੱਖਰਾ ਕਮਰਾ ਹੋ ਸਕਦਾ ਹੈ, ਜਾਂ ਗੋਪਨੀਯਤਾ ਸਕ੍ਰੀਨ ਦੁਆਰਾ ਵੱਖ ਕੀਤਾ ਗਿਆ ਖੇਤਰ ਹੋਵੇਗਾ।

ਪੋਲਿੰਗ ਸਟੇਸ਼ਨ 'ਤੇ ਸਟਾਫ ਸਹਾਈਤਾ ਲਈ ਮੌਜੂਦ ਹੈ। ਜੇ ਤੁਹਾਨੂੰ ਕਿਸੇ ਵੀ ਸਮੇਂ ਸਹਾਇਤਾ ਦੀ ਲੋੜ ਹੈ, ਤਾਂ ਉਹਨਾਂ ਤੋਂ ਪੁੱਛੋ।

# ਜਦੋਂ ਮੈਂ ਵੋਟਰ ਅਥਾਰਟੀ ਸਰਟੀਫਿਕੇਟ ਲਈ ਅਰਜ਼ੀ ਦੇਣੀ ਹੋਵੇ ਤਾਂ ਮੈਨੂੰ ਕਿਹੜੀ ਜਾਣਕਾਰੀ ਦੇਣ ਦੀ ਲੋੜ ਹੁੰਦੀ ਹੈ?

ਵੋਟਰ ਅਥਾਰਟੀ ਸਰਟੀਫਿਕੇਟ ਲਈ ਅਰਜ਼ੀ ਦੇਣ ਵੇਲੇ, ਤੁਹਾਨੂੰ ਆਪਣੇ ਬਾਰੇ ਇਹ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੋਵੇਗੀ

- **ਨਾਮ**
- **ਜਨਮ ਤਾਰੀਖ**
- **ਪਤਾ**
- **ਰਾਸ਼ਟਰੀ ਬੀਮਾ ਨੰਬਰ**

ਜੇ ਤੁਹਾਨੂੰ ਆਪਣਾ ਰਾਸ਼ਟਰੀ ਬੀਮਾ ਨੰਬਰ ਨਹੀਂ ਪਤਾ, ਜਾਂ ਤੁਹਾਡੇ ਕੋਲ ਹੈ ਹੀ ਨਹੀਂ, ਤਾਂ ਵੀ ਤੁਸੀਂ ਅਰਜ਼ੀ ਦਰਜ ਕਰ ਸਕਦੇ ਹੋ। ਤੁਹਾਡੀ ਕੌਂਸਲ ਵਿੱਚ ਚੋਣ ਸੇਵਾਵਾਂ ਦੀ ਟੀਮ ਤੁਹਾਡੀ ਪਛਾਣ ਦੇ ਵਿਕਲਪਕ ਦੇ ਸਬੂਤ ਦੀ ਬੇਨਤੀ ਕਰਨ ਲਈ ਤੁਹਾਡੇ ਨਾਲ ਸੰਪਰਕ ਕਰੇਗੀ।

ਤੁਹਾਨੂੰ ਆਪਣੀ ਅਰਜ਼ੀ ਦੇ ਨਾਲ ਇੱਕ ਫੋਟੋ ਵੀ ਜਮ੍ਹਾਂ ਕਰਾਉਣ ਦੀ ਲੋੜ ਹੋਵੇਗੀ। ਫੋਟੋ ਜਮ੍ਹਾਂ ਕਰਵਾਉਣ ਦੀਆਂ ਲੋੜਾਂ ਪਾਸਪੋਰਟ ਫੋਟੋ ਲਈ ਲੋੜਾਂ ਦੇ ਸਮਾਨ ਹੀ ਹਨ।

ਲੋੜਾਂ ਸੰਬੰਧੀ ਹੋਰ ਜਾਣਕਾਰੀ ਲਈ ਇੱਥੇ ਜਾਓ
**electoralcommission.org.uk/voterID**

ਜਾਂ ਸਾਡੀ ਸਹਾਇਤਾ ਟੀਮ ਨੂੰ
**0800 328 0280** ’ਤੇ ਕਾਲ ਕਰੋ।



# ਵੋਟ ਪਾਉਣ ਲਈ ਮੈਂ ਕਿਹੜੇ ਫਾਰਮਾਂ ਜਾਂ ਆਈ.ਡੀ (ID) ਦੀ ਵਰਤੋਂ ਕਰ ਸਕਦਾ ਹਾਂ?

ਤੁਹਾਨੂੰ ਫੋਟੋ ਆਈ.ਡੀ (ID) ਦਾ ਸਿਰਫ਼ ਇੱਕੋ ਹੀ ਰੂਪ ਦਿਖਾਉਣ ਦੀ ਲੋੜ ਹੈ, ਪਰ ਇਹ ਅਸਲ ਸੰਸਕਰਣ ਹੋਣਾ ਚਾਹੀਦਾ ਹੈ ਨਾ ਕਿ ਕੋਈ ਫੋਟੋਕਾਪੀ।

ਤੁਸੀਂ ਪੋਲਿੰਗ ਸਟੇਸ਼ਨ ਤੇ ਵੋਟ ਪਾਉਣ ਦੇ ਯੋਗ ਹੋਣ ਲਈ ਫੋਟੋ ਆਈ.ਡੀ (ID) ਦੇ ਹੇਠਾਂ ਦਿੱਤੇ ਕਿਸੇ ਵੀ ਮਨਜ਼ੂਰਸ਼ੁਦਾ ਫਾਰਮ ਦੀ ਵਰਤੋਂ ਕਰ ਸਕਦੇ ਹੋ।

**ਅੰਤਰਰਾਸ਼ਟਰੀ ਯਾਤਰਾ ਨਾਲ ਸੰਬੰਧੀ**

ਪਾਸਪੋਰਟ

**ਸਥਾਨਕ ਯਾਤਰਾ ਸੰਬੰਧੀ**

ਕੋਈ ਖਾਸ ਰਿਆਇਤੀ ਯਾਤਰਾ ਕਾਰਡ

**ਡਰਾਈਵਿੰਗ ਜਾਂ ਪਾਰਕਿੰਗ ਲਾਈਸੰਸ**

- ਡਰਾਈਵਿੰਗ ਲਾਈਸੰਸ (ਸਮੇਤ ਪ੍ਰੋਵੀਜਨਲ ਲਾਈਸੰਸ )
- ਬਲੂ ਬੈਜ

**ਹੋਰ ਸਰਕਾਰ ਵੱਲੋਂ ਜਾਰੀ ਕੀਤੇ ਦਸਤਾਵੇਜ**

- ਪ੍ਰਵਾਸ ਸੰਬੰਧੀ ਬਾਇਓਮੈਟ੍ਰਿਕ ਦਸਤਾਵੇਜ
- ਰੱਖਿਆ ਪਹਿਚਾਣ ਪੱਤਰ
- ਕੋਈ ਖਾਸ ਰਾਸ਼ਟਰੀ ਪਹਿਚਾਣ ਪੱਤਰ

**ਉਮਰ ਦਾ ਸਬੂਤ**

ਪਾਸ ਦੇ ਨਿਸ਼ਾਨ ਸਹਿਤ ਪਹਿਚਾਣ ਪੱਤਰ

ਜੇ ਤੁਹਾਡੇ ਕੋਲ ਕੋਈ ਮਨਜ਼ੂਰਸ਼ੁਦਾ ਫੋਟੋ ਆਈ.ਡੀ (ID) ਦਾ ਕੋਈ ਫਾਰਮ ਹੈ ਜੋ ਪੁਰਾਣਾ ਹੋਵੇ, ਤਾਂ ਵੀ ਤੁਸੀਂ ਇਸਨੂੰ ਪੋਲਿੰਗ ਸਟੇਸ਼ਨ ਤੇ ਵੋਟ ਪਾਉਣ ਲਈ ਵਰਤ ਸਕਦੇ ਹੋ ਜੇ ਇਹ ਅਜੇ ਵੀ ਤੁਹਾਡੀ ਸ਼ਕਲ ਵਰਗਾ ਲੱਗਦਾ ਹੋਵੇ।

ਜੇ ਤੁਹਾਡੇ ਕੋਲ ਪਹਿਲਾਂ ਤੋਂ ਹੀ ਫੋਟੋ ਆਈ.ਡੀ (ID) ਦਾ ਕੋਈ ਮਨਜ਼ੂਰਸ਼ੁਦਾ ਫਾਰਮ ਨਹੀਂ ਹੈ, ਜਾਂ ਤੁਸੀਂ ਨਿਸ਼ਚਿਤ ਨਹੀਂ ਹੋ ਕਿ ਤੁਹਾਡੀ ਫ਼ੋਟੋ ਆਈ.ਡੀ (ID) ਹਾਲੇ ਵੀ ਤੁਹਾਡੀ ਸ਼ਕਲ ਵਰਗੀ ਹੈ, ਤਾਂ ਤੁਸੀਂ ਇੱਕ ਮੁਫ਼ਤ ਵੋਟਰ ਆਈ.ਡੀ (ID) ਦਸਤਾਵੇਜ਼ ਲਈ ਅਰਜ਼ੀ ਦੇ ਸਕਦੇ ਹੋ, ਜਿਸਨੂੰ ਵੋਟਰ ਅਥਾਰਟੀ ਸਰਟੀਫਿਕੇਟ ਦੇ ਵਜੋਂ ਜਾਣਿਆ ਜਾਂਦਾ ਹੋਵੇ।

ਵੋਟਰ ਅਥਾਰਟੀ ਸਰਟੀਫਿਕੇਟ ਲਈ ਅਰਜ਼ੀ ਦੇਣ ਤੋਂ ਪਹਿਲਾਂ, ਤੁਹਾਨੂੰ ਵੋਟ ਪਾਉਣ ਲਈ ਰਜਿਸਟਰ ਹੋਣ ਦੀ ਲੋੜ ਹੁੰਦੀ ਹੈ, ਜਾਂ ਰਜਿਸਟਰ ਹੋਣ ਲਈ ਅਰਜ਼ੀ ਦਿੱਤੀ ਹੋਵੇ। ਜਦੋਂ ਤੁਸੀਂ ਵੋਟ ਪਾਉਣ ਲਈ ਰਜਿਸਟਰ ਕਰਵਾ ਦਿੰਦੇ ਹੋ, ਤਾਂ ਤੁਹਾਨੂੰ ਪੁੱਛਿਆ ਜਾਵੇਗਾ ਕਿ ਕੀ ਤੁਹਾਡੇ ਕੋਲ ਫੋਟੋ ਆਈ.ਡੀ (ID) ਹੈ ਜਾਂ ਕੀ ਤੁਸੀਂ ਵੋਟਰ ਅਥਾਰਟੀ ਸਰਟੀਫਿਕੇਟ ਲਈ ਅਰਜ਼ੀ ਦੇਣ ਦਾ ਚਾਹਵਾਨ ਹੋ।

ਆਈ.ਡੀ (ID) ਦੇ ਕਿਹੜੇ ਫਾਰਮ ਸਵੀਕਾਰ ਕੀਤੇ ਜਾਣਗੇ ਇਸ ਬਾਰੇ ਹੋਰ ਜਾਣਕਾਰੀ ਲਈ **electoralcommission.org.uk/voterID** ਤੇ

ਜਾਓ ਜਾਂ ਸਾਡੀ ਸਹਾਇਤਾ ਟੀਮ ਨੂੰ **0800 328 0280** ਤੇ ਕਾਲ ਕਰੋ।



# ਵੋਟਰ ਆਥਾਰਟੀ ਸਰਟੀਫਕੇਟ ਲਈ ਅਰਜੀ ਦੇਣ ਬਾਰੇ

25

ਚੋਣਾਂ ਵਿੱਚ ਵਰਤੇ ਜਾਣ ਲਈ ਵੋਟਰ ਅਥਾਰਟੀ ਸਰਟੀਫਿਕੇਟ ਲਈ ਅਰਜ਼ੀ ਦੇਣ ਦੀ ਆਖ਼ਰੀ ਤਾਰੀਖ **ਦਿਨ ਮੰਗਲਵਾਰ 25 ਅਪ੍ਰੈਲ ਸ਼ਾਮ 5 ਵਜੇ** ਤੱਕ ਹੈ, ਪਰ ਜੇ ਚੋਣ ਸੇਵਾਵਾਂ ਟੀਮ ਨੂੰ ਤੁਹਾਡੇ ਬਾਰੇ ਕੋਈ ਵੇਰਵਿਆਂ ਦੀ ਜਾਂਚ ਕਰਨ ਦੀ ਲੋੜ ਹੈ ਤਾਂ ਤੁਹਾਨੂੰ ਜਿੰਨੀ ਜਲਦੀ ਹੋ ਸਕੇ ਅਰਜ਼ੀ ਦੇਣੀ ਚਾਹੀਦੀ ਹੈ।

ਤੁਸੀਂ ਵੋਟਰ ਅਥਾਰਟੀ ਸਰਟੀਫਿਕੇਟ ਲਈ **https://voter-authority-certificate.service.gov.uk/** 'ਤੇ ਆਨਲਾਈਨ ਅਰਜ਼ੀ ਵੀ ਦੇ ਸਕਦੇ ਹੋ।

ਤੁਸੀਂ ਇੱਕ ਕਾਗਜ਼ੀ ਅਰਜ਼ੀ ਫਾਰਮ ਭਰ ਕੇ ਅਤੇ ਇਸਨੂੰ ਆਪਣੀ ਸਥਾਨਕ ਕੌਂਸਲ ਕੋਲ ਚੋਣ ਸੇਵਾਵਾਂ ਟੀਮ ਨੂੰ ਭੇਜ ਕੇ ਵੀ ਅਰਜ਼ੀ ਦੇ ਸਕਦੇ ਹੋ। ਤੁਸੀਂ ਆਪਣੇ ਸਥਾਨਕ ਇਲੈਕਟੋਰਲ ਸੇਵਾਵਾਂ ਦਫ਼ਤਰ ਵਿੱਚ ਵਿਅਕਤੀਗਤ ਤੌਰ 'ਤੇ ਵੀ ਅਰਜ਼ੀ  ਦਰਜ ਕਰ ਸਕਦੇ ਹੋ।

ਜੇ ਤੁਹਾਨੂੰ ਵੋਟਰ ਅਥਾਰਟੀ ਸਰਟੀਫਿਕੇਟ ਲਈ ਅਰਜ਼ੀ ਦੇਣ ਲਈ ਕਿਸੇ ਵੀ ਸਹਾਈਤਾ ਦੀ ਲੋੜ ਹੈ ਜਾਂ ਅਰਜ਼ੀ ਫਾਰਮ ਲਈ ਬੇਨਤੀ ਕਰਨੀ ਚਾਹੁੰਦੇ ਹੋ, ਤਾਂ ਆਪਣੀ ਸਥਾਨਕ ਕੌਂਸਲ ਕੋਲ ਚੋਣ ਸੇਵਾਵਾਂ ਟੀਮ ਨਾਲ ਸੰਪਰਕ ਕਰੋ। ਉਹਨਾਂ ਦੇ ਸੰਪਰਕ ਵੇਰਵਿਆਂ ਨੂੰ ਲੱਭਣ ਲਈ **electoralcommission.org.uk/voter** 'ਤੇ ਜਾਓ ਜਾਂ ਸਾਡੀ ਸਹਾਈਤਾ ਟੀਮ ਨੂੰ **0800 328 0280** 'ਤੇ ਕਾਲ ਕਰੋ।